ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਸਾਂਖ ਦਰਸ਼ਨ ਅਤੇ ਉਸਦੇ ਪ੍ਰਮੁਖ ਆਚਾਰੀਆ: ਇੱਕ ਸੰਖਿਪਤ ਅਧਿਐਨ



ਡਾ. ਲਖਵਿੰਦਰ ਸਿੰਘ
ਸਹਾਇਕ ਪ੍ਰੋਫੈਸਰ
ਪੀ.ਯੂ.ਆਰ.ਸੀ.
ਨਿਹਾਲ ਸਿੰਘ ਵਾਲਾ
+91 95926-42404

ਸਾਂਖ ਦਰਸ਼ਨ ਦੇ ਮੁਢਲੇ ਪ੍ਰਵਕਤਾ ਆਚਾਰੀਆ ਕਪਿਲ ਰਿਸ਼ੀ ਨੂੰ ਮੰਨਿਆ ਜਾਂਦਾ ਹੈ, ਇਸ ਦਰਸ਼ਨ ਸੰਬੰਧੀ ਕੋਈ ਮੂਲ ਗ੍ਰੰਥ ਅਜੋਕੇ ਸਮੇਂ ਵਿਚ ਦਸਤੇ ਹਜ਼ਾਬ ਨਹੀਂ ਹੈ ਪਰ ਅਸਲੀਅਤ ਵਿਚ ਇਹ ਸਿਧਾਂਤ ਬਹੁਤ ਜ਼ਿਆਦਾ ਪੁਰਾਤਨ ਹੈ। ਸਾਂਖ ਦਰਸ਼ਨ ਦੇ ਸੰਬੰਧ ਵਿਚ ਇਸਦਾ ਖੰਡਨ ਜਾਂ ਮੰਡਨ ਕਰਦੇ ਹਵਾਲੇ ਉਪਨਿਸ਼ਦਾਂ, ਸ਼੍ਰੀਮਦ ਭਗਵਤ ਗੀਤਾ ਅਤੇ ਪੁਰਾਣਾਂ ਵਿਚ ਪ੍ਰਾਪਤ ਹੁੰਦੇ ਹਨ।[i]ਆਧੁਨਿਕ ਸਮੇਂ ਵਿਚ ਇਸ ਦਰਸ਼ਨ ਦੀ ਪ੍ਰਤੀਨਿਧਤਾ ਕਰਦੇ ਗ੍ਰੰਥ ਮੂਲ ਰੂਪ ਵਿਚ ਆਚਾਰੀਆ ਗੌੜਪਾਦ ਦੀ 'ਸਾਂਖ ਕਾਰਿਕਾ ਵ੍ਰਿਤਿ, ਆਚਾਰੀਆ ਈਸ਼ਵਰ ਕ੍ਰਿਸਨ ਦੀ 'ਸਾਂਖਯ ਕਾਰਿਕਾ', ਆਚਾਰੀਆ ਵਾਚਸਪਤੀ ਦੀ 'ਤਰਕ ਕੌਮਦੀ ਸਿਧਾਂਤ' ਅਤੇ ਆਚਾਰੀਆ ਵਿਗਿਆਨ ਭਿਕਸ਼ੂ ਦੀ 'ਸਾਂਖਿਆ ਪ੍ਰਵਚਨ ਵ੍ਰਿਤਿ' ਪ੍ਰਾਪਤ ਹੁੰਦੇ ਹਨ। ਸਾਂਖ ਦਰਸ਼ਨ ਵਿਭਿੰਨ ਦਾਰਸ਼ਨਿਕਾਂ ਵਾਸਤੇ ਹਮੇਸ਼ਾਂ ਹੀ ਵਿਵੇਚਨ ਦਾ ਵਿਸ਼ਾ ਬਣਿਆ ਰਿਹਾ ਹੈ। ਉਪਰੋਕਤ ਪੁਸਤਕਾਂ ਦੇ ਸੂਖ਼ਮ ਅਧਿਐਨ ਕਰਨ ਉਪਰੰਤ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਆਰੰਭਲੇ ਸਮੇਂ ਤੋਂ ਲੈ ਕੇ ਸਾਂਖ ਦਰਸ਼ਨ ਸੰਬੰਧੀ ਵਿਵੇਚਨ ਤਿੰਨ ਪੱਧਰਾਂ ਉਪਰ ਹੋਇਆ ਹੈ- ਪਹਿਲਾ ਆਰੰਭਿਕ ਯੁੱਗ ਦਾ ਸਾਂਖ ਦਰਸ਼ਨ, ਦੂਸਰਾ ਮੱਧਕਾਲੀਨ ਸਾਂਖ ਦਰਸ਼ਨ ਅਤੇ ਤੀਸਰਾ ਉੱਤਰਕਾਲੀ ਸਾਂਖ ਦਰਸ਼ਨ। ਆਰੰਭਲੇ ਯੁੱਗ ਵਿਚ ਇਹ ਦਰਸ਼ਨ ਆਸਤਿਕ ਸੀ ਜਾਂ ਨਾਸਤਿਕ ਇਸ ਬਾਰੇ ਵਿਦਵਾਨਾਂ ਦੇ ਆਪਸ ਵਿਚ ਕਾਫੀ ਮਤਭੇਦ ਮਿਲਦੇ ਹਨ। ਇਸ ਸੰਦਰਭ ਵਿਚ ਏ.ਬੀ. ਕੀਥ ਦਾ ਵਿਚਾਰ ਹੈ ਕਿ, "ਜੇਕਰ ਆਰੰਭਲੇ ਸਮੇਂ ਵਿਚ ਦਾਰਸਨਿਕਾਂ ਤੇ ਸ਼ਿਸ਼ਟ ਲੋਕਾਂ ਨੇ ਸਾਂਖਯ ਨੂੰ ਆਸਤਿਕ ਦਰਸ਼ਨ ਦੇ ਰੂਪ ਵਿਚ ਸਵੀਕ੍ਰਿਤੀ ਪ੍ਰਦਾਨ ਵੀ ਕੀਤੀ ਹੈ ਤਾਂ ਵੀ ਆਦਿ ਸ਼ੰਕਰਾਚਾਰੀਆ ਨੇ ਇਸ ਦਰਸ਼ਨ ਨੂੰ ਵੇਦਾਂਤ ਦਾ ਵਿਰੋਧੀ ਦਰਸ਼ਨ ਸਵੀਕਾਰ ਕੀਤਾ ਹੈ ਤੇ 'ਬ੍ਰਹਮ ਸੂਤਰ ਭਾਸ਼ਯ' ਦੇ 60 ਦੇ ਕਰੀਬ ਸੂਤਰ ਇਸ ਦਰਸ਼ਨ ਦੇ ਖੰਡਨ ਕਰਨ ਵਿਚ ਲਗਾ ਦਿੱਤੇ ਪਰ ਇਸ ਬਾਰੇ ਹੁਣ ਤੱਕ ਕਈ ਗਵਾਹੀਆਂ ਮਿਲਦੀਆ ਹਨ ਜੋ ਇਹ ਸਾਬਿਤ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ ਕਿ ਇਹ ਆਪਣੇ ਸ਼ੁਰਆਤੀ ਰੂਪ ਵਿਚ ਵੇਦਾਂ ਤੇ ਅਧਾਰਿਤ ਅਤੇ ਈਸ਼ਵਰਵਾਦੀ ਸੀ। ਹੋ ਸਕਦਾ ਹੈ ਕਿ ਸਮੇਂ ਦੇ ਪ੍ਰਵਾਹ ਨਾਲ ਇਹ ਜੈਨ ਮਤ ਤੇ ਬੋਧੀਆਂ ਦੇ ਪ੍ਰਭਾਵ ਨਾਲ ਭੌਤਿਕਵਾਦੀ ਬਣ ਗਿਆ ਹੋਵੇ।"[ii] ਇਸਤੋਂ ਇਹ ਲੱਗਦਾ ਹੈ ਕਿ ਮੱਧਕਾਲ ਤੱਕ ਆਉਂਦਿਆ ਸਾਂਖ ਦਰਸ਼ਨ ਭੌਤਿਕਵਾਦੀ ਬਣ ਗਿਆ ਸੀ ਤੇ ਜਿਸਦਾ ਖੰਡਨ ਆਚਾਰੀਆ ਸ਼ੰਕਰ ਤੇ ਬਾਦਨਾਰਾਇਣ ਦੁਆਰਾ ਕੀਤਾ ਗਿਆ ਸੀ।

ਇਹਨਾਂ ਆਚਾਰੀਆਂ ਦੁਆਰਾ ਸਾਂਖ ਸਿਧਾਂਤ ਨੂੰ ਵੇਦਾਂ ਤੇ ਆਧਾਰਿਤ ਨਾ ਮੰਨਣਾ ਇਸ ਗੱਲ ਦੀ ਪੱਕੀ ਤਾਕੀਦ ਕਰਦਾ ਹੈ ਕਿ ਆਰੰਭਿਕ ਸਮੇਂ ਵਿਚ ਆਚਾਰੀਆਂ ਇਸਨੂੰ ਜ਼ਰੂਰ ਸ਼ਰੁਤੀਮੂਲਕ (ਵੇਦਾਂ ਤੇ ਆਧਾਰਿਤ) ਮੰਨਦੇ ਰਹੇ ਸਨ, ਜਿਸਦਾ ਵਰਨਣ ਉਕਤ ਕੀਥ ਦੁਆਰਾ ਕੀਤਾ ਗਿਆ ਹੈ।

ਜੇਕਰ ਸਾਂਖ ਦਰਸ਼ਨ ਦੇ ਗਿਆਨ ਸਿਧਾਂਤ ਉਤੇ ਦ੍ਰਿਸ਼ਟੀਪਾਤ ਕੀਤਾ ਜਾਵੇ ਤਾਂ ਇਹ ਦਰਸ਼ਨ ਪ੍ਰਤੱਖ ਅਨੁਮਾਨ ਅਤੇ ਸ਼ਬਦ ਨੂੰ ਪ੍ਰਮਾਣ ਸਵੀਕਾਰ ਕਰਦਾ ਹੈ ਪਰ ਨਾਲ ਹੀ ਇਥੇ ਇਹ ਵੀ ਸਾਫ਼ ਕਰ ਦੇਣਾ ਅਵੱਸ਼ਕ ਹੈ ਕਿ ਸਾਂਖ ਦਰਸ਼ਨ ਵਿਚ 'ਸ਼ਬਦ' ਦਾ ਭਾਵ ਵੇਦ ਸ਼ਰੁਤੀ ਤੋਂ ਨਹੀਂ ਹੈ ਸਗੋਂ ਇਹ ਵੇਦਾਂ ਜਾਂ ਕਿਸੇ ਗ੍ਰੰਥ ਵਿਚ ਪ੍ਰਸਤੁਤ ਕੀਤੇ ਵਿਦਵਾਨ ਸੱਜਣਾਂ ਦੇ ਵਚਨਾਂ ਤੋਂ ਹੈ ਜੋ ਪ੍ਰਤੱਖ ਅਨੁਮਾਨ ਤੇ ਟਿਕੇ ਹੋਏ ਸਨ ਅਤੇ ਸਮੇਂ ਦੀ ਲੋੜ ਅਨੁਸਾਰ ਜ਼ਰੂਰਤ ਪੈਣ ਤੇ ਦੁਬਾਰਾ ਪ੍ਰਮਾਣਿਤ ਕੀਤੇ ਜਾ ਸਕਦੇ ਹੋਣ। ਇਸ ਦਰਸ਼ਨ ਦਾ ਮੂਲ ਸਿਧਾਂਤ ਕਾਰਜ-ਕਾਰਨ ਦਾ ਹੈ।ਭਾਰਤੀ ਦਰਸ਼ਨ ਪਰੰਪਰਾ ਵਿਚ ਸਾਂਖ ਦਾ ਕਾਰਜ-ਕਾਰਨ ਸੰਬੰਧ ਵਿਸ਼ਿਸ਼ਟ ਮਹੱਤਤਾ ਰੱਖਦਾ ਹੈ ਕਿਉਂਕਿ ਇਹ ਈਸਵਰਵਾਦੀ ਦਰਸ਼ਨਾਂ ਦੇ ਨਾਲ ਨਾਲ ਬੁੱਧ ਤੇ ਨਿਆਇ-ਵੈਸ਼ੇਸ਼ਕਾਂ ਤੋਂ ਵੀ ਵੱਖਰਾ ਹੈ। ਬੋਧ ਅਤੇ ਨਿਆਂਇ-ਵੈਸ਼ੇਸ਼ਕ ਦਰਸ਼ਨਾਂ ਦੇ ਵਿਚਾਰ ਵਿਚ 'ਕਾਰਜ ਇੱਕ ਨਵੀਂ ਘਟਨਾ ਹੈ ਤੇ ਇਹ ਆਪਣੀ ਉੱਤਪਤੀ ਤੋਂ ਪੂਰਵ ਕਾਰਨ ਵਿਚ ਮੌਜੂਦ ਨਹੀਂ ਹੁੰਦਾ' ਅਸਲ ਵਿਚ ਇਸਨੂੰ ਅਣਹੋਂਦ ਕਾਰਜਵਾਦ ਕਹਿੰਦੇ ਹਨ। ਇਸ ਵਿਚਾਰ ਦੇ ਉੱਲਟ ਸਾਂਖ ਦਰਸ਼ਨ ਦੇ ਹੋਂਦ ਕਾਰਜਵਾਦ ਦੇ ਮੁਤਾਬਿਕ 'ਕਾਰਜ ਜੇਕਰ ਕਾਰਨ ਵਿਚ ਮੌਜੂਦ ਨਾ ਹੁੰਦਾ ਤਾਂ ਉਸਨੂੰ ਕਿਸੇ ਵੀ ਕੋਸ਼ਿਸ਼ ਨਾਲ ਪੈਦਾ ਨਹੀਂ ਕੀਤਾ ਜਾ ਸਕਦਾ ਇਹ ਅਨਹੋਣੀ ਗੱਲ ਹੈ' ਉਨ੍ਹਾਂ ਦੀ ਦਲੀਲ ਅਨੁਸਾਰ ਮਿੱਟੀ ਵਿਚੋਂ ਤੇਲ ਕੱਢਣਾ ਅਸੰਭਵ ਹੈ। ਸਾਂਖ ਸਿਧਾਂਤ ਅਨੁਸਾਰ ਕਾਰਜ ਕਾਰਨ ਤੋਂ ਅਸਲੋਂ ਹੀ ਵੱਖਰਾ ਨਹੀਂ ਹੈ ਸਗੋਂ ਪ੍ਰਗਟ ਤੇ ਲੁਪਤ ਅਵਸਥਾਵਾਂ ਵਿਚ ਕ੍ਰਮਵਾਰ ਕਾਰਨ ਤੇ ਕਾਰਜ ਹਨ। ਦੁੱਧ ਰੂਪਕ ਸਾਮਗਰੀ ਕਾਰਨ ਹੈ, ਜਿਸ ਵਿਚ ਮਧਾਣੀ ਪਾਉਣ ਨਾਲ ਭਾਵ ਨਮਿਤ ਕਾਰਜ ਨਾਲ ਲੁਕਿਆ ਹੋਇਆ ਮੱਖਣ ਜਾਂ ਘਿਉ ਪ੍ਰਗਟ ਰੂਪ ਵਿਚ ਬਾਹਰ ਆ ਜਾਂਦਾ ਹੈ।"[iii]

ਇਸ ਪਰਿਮਾਣਵਾਦ ਨੂੰ ਮੂਲ ਪੰਜ ਦਲੀਲਾਂ ਨਾਲ ਸਾਂਖਯ ਪ੍ਰਵਕਤਾ ਪੇਸ਼ ਕਰਦੇ ਹਨ-

1. ਹਵਾ ਜਾਂ ਖਲਾਅ ਵਿਚੋਂ ਕੁਝ ਪੈਦਾ ਨਹੀਂ ਹੁੰਦਾ।
2. ਕੋਈ ਖ਼ਾਸ ਪਦਾਰਥ ਖ਼ਾਸ ਪਦਾਰਥਾਂ ਵਿਚੋਂ ਹੀ ਪੈਦਾ ਹੁੰਦੇ ਹਨ।
3. ਹਰੇਕ ਕਾਰਜ ਨੂੰ ਇੱਕ ਹੀ ਕਾਰਨ ਪੈਦਾ ਨਹੀਂ ਕਰਦਾ।

4. ਕਾਰਨ ਤੇ ਕਾਰਜ ਇੱਕੋ ਤਰਤੀਬ ਵਿਚ ਹੁੰਦੇ ਹਨ।

5. ਕਾਰਜ ਕਾਰਨ ਦੇ ਵਿਚ ਅੰਤਰ ਨਿਹਿਤ ਹੁੰਦਾ ਹੈ।

ਇਸ ਤਰ੍ਹਾਂ ਸਾਂਖ ਦਰਸ਼ਨ ਦਾ ਸਿਧਾਂਤ ਬੜਾ ਵਿਗਿਆਨ ਤੇ ਤਰਕ ਤੇ ਅਧਾਰਿਤ ਹੈ ਕਿ ਸੰਸਾਰ ਵਿਚ ਕੋਈ ਵਸਤੂ ਵੀ ਹਵਾ ਜਾਂ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ ਹਰੇਕ ਵਸਤੂ ਦਾ ਕੋਈ ਨਾ ਕੋਈ ਕਾਰਨ ਅਵੱਸ਼ ਹੁੰਦਾ ਹੈ। ਇਹ ਸਿਲਸਿਲਾ ਅਨੰਤ ਕਾਲ ਤੋਂ ਇਵੇ ਹੀ ਚਲਦਾ ਆ ਰਿਹਾ ਹੈ ਤੇ ਕੁਦਰਤ ਤੀਕਰ ਅੱਪੜਕੇ ਖਤਮ ਹੋ ਜਾਂਦਾ ਹੈ ਕਿਉਂਕਿ ਇਹ ਕੁਦਰਤ ਵੀ ਆਦਿ ਕਾਲ ਤੋਂ ਆਪਣੇ ਆਪ ਵਿਚ ਮੌਜੂਦ ਹੈ। ਇਸ ਸੰਦਰਭ ਵਿਚ ਡਾ. ਰਾਜਿੰਦਰਪਾਲ ਬਰਾੜ 'ਸਾਂਖ ਕਾਰਿਕਾ' ਦੇ ਹਵਾਲੇ ਨਾਲ ਲਿਖਦੇ ਹਨ, " ਪ੍ਰਾਕ੍ਰਿਤੀ ਜਾਂ ਆਦਿ ਪਦਾਰਥ ਬਿਨਾ ਕਿਸੇ ਕਾਰਨ ਦੇ ਅਨੰਤ ਕਾਲ ਤੋਂ ਹੀ ਮੌਜੂਦ ਹੈ ਅਤੇ ਇਹ ਦੇਖਣ ਵਾਲੇ ਗਿਆਤਾ ਤੋਂ ਸੁਤੰਤਰ ਹੈ। ਸੋ ਪ੍ਰਾਕ੍ਰਿਤੀ ਅਨੰਤ, ਅਨਾਦਿ ਤੇ ਵਿਆਪਕ ਹੈ ਜੋ ਅਸਥਾਈ, ਵਿਭਿੰਨ ਰੂਪੀ, ਆਸ਼ਰਿਤ ਵਸਤਾਂ ਨੂੰ ਪੈਦਾ ਕਰਦੀ ਹੈ"।[iv]

**ਸਾਂਖ ਦਰਸ਼ਨ ਦੇ ਪ੍ਰਮੁੱਖ ਆਚਾਰੀਆ**

**1. ਆਚਾਰੀਆ ਕਪਿਲ ਮੁਨੀ**

ਸਾਂਖ ਦਰਸ਼ਨ ਦੇ ਮੁਢਲੇ ਆਚਾਰੀਆ ਕਪਿਲ ਮੁਨੀ ਨੂੰ ਮੰਨਿਆ ਗਿਆ ਹੈ। ਇਨ੍ਹਾਂ ਦੇ ਸਾਂਖ ਪ੍ਰਵਕਤਾ ਹੋਣ ਦੀ ਗਵਾਹੀ 'ਰਾਮਾਇਣ', 'ਮਹਾਭਾਰਤ', 'ਉਪਨਿਸ਼ਦਾਂ' ਤੇ ਪੌਰਾਣਿਕ ਗ੍ਰੰਥਾਂ ਵਿਚੋਂ ਮਿਲਦੀ ਹੈ। ਮੋਨੀਅਰ ਵਿਲੀਅਮ ਅਨੁਸਾਰ, ਉਪਨਿਸ਼ਦਾਂ ਦੇ ਦਾਰਸ਼ਨਿਕ ਵਿਵੇਚਨ ਦਾ ਮਾਣ ਵੀ ਆਚਾਰੀਆ ਕਪਿਲ ਮੁਨੀ ਨੂੰ ਹੀ ਜਾਂਦਾ ਹੈ।[v] ਇਸਤੋਂ ਬਿਨਾ 'ਸਾਂਖਯਯੋਗ ਦਰਸ਼ਨ' ਨੂੰ ਵੀ ਪ੍ਰਮਾਣਿਕ ਢੰਗ ਨਾਲ ਇਸੇ ਚਿੰਤਕ ਦੁਆਰਾ ਹੀ ਪ੍ਰਸਤੁਤ ਕੀਤਾ ਗਿਆ ਹੈ।[vi] ਇਸ ਗੱਲ ਉਪਰ ਮੋਹਰ 'ਸ਼ਵੇਤਾ ਸ਼ਵੇਤਰੋਪਨਿਸ਼ਦ' ਦੀ ਇਸ ਗਵਾਹੀ ਨਾਲ ਲੱਗ ਜਾਂਦੀ ਹੈ, ਇਸ ਸ਼ਾਸਤਰ ਵਿਚ ਸਪਸ਼ਟ ਲਿਖਿਆ ਹੈ –

ਰਿਸ਼ੀਯੰ ਪ੍ਰਸੂਤੰ ਕਪਿਲੰ ਯਸਤ ਮਗ੍ਰੇ ਗਿਆਨੈਰਭਿਬਰਤਿ ਜਾਯਮਾਨੰ ਚ ਪਸ਼ਯੇਤ॥

(ਸ਼ਵੇਤਾ ਸ਼ਵੇਤਰੋਪਨਿਸ਼ਦ,5/2)

ਇਸਤੋਂ ਬਿਨਾ 'ਸ਼੍ਰੀਮਦ ਭਗਵਤ ਗੀਤਾ' ਵਿਚ ਸਾਂਖ ਦਰਸ਼ਨ ਦੇ ਮੁੱਖ ਪ੍ਰਵਕਤਾ ਕਪਿਲ ਮੁਨੀ ਨੂੰ ਅਤੇ 'ਯੋਗ ਦਰਸ਼ਨ' ਦੇ ਮੁੱਖ ਆਚਾਰੀਆ ਹਿਰਣਯਗਰਭ ਰਿਸ਼ੀ ਨੂੰ ਮੰਨਿਆ ਗਿਆ ਹੈ-

ਸਾਂਖਯਸਯ ਵਕਤਾ ਕਪਿਲਾ: ਪਰਮਰਿਸ਼: ਸ ਉਚਯਤੇ।

ਹਿਰਣਯਗਰਭੋ ਯੋਗਸਯ ਵੇੱਤਾ ਨਾਂਯ: ਪੁਰਾਤਨ:॥

(ਸ੍ਰੀਮਦ ਭਗਵਤ,3/22/1)

ਅਵਤਾਰੀ ਪੁਰਖ਼ਾਂ ਦੀ ਅਵਤਾਰੀ ਤਰਤੀਬ ਵਿਚ ਕਪਿਲ ਮੁਨੀ ਦਾ ਜ਼ਿਕਰ ਸਾਂਖ ਦਰਸ਼ਨ ਦੇ ਮੁੱਖ ਅਚਾਰੀਆ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ-

ਕਪਿਲਸ ਤਤਵ ਸੰਖਯਾਤਾ ਭਗਵਾਨਾਤਮਮਾਯਯਾ॥
ਪੰਚਮ: ਕਪਿਲੋ ਨਾਮ ਸਿੱਧੇਸ਼: ਕਾਲਵਿਪਲੁਸਤਮ੍।
ਪ੍ਰੋਵਾਚਾਅਸੁਰਯੇ ਸਾਖਯੰ ਤੱਤਵ ਗ੍ਰਾਮ ਵਿਨਿਰਯਣਮ੍॥

(ਉਹੀ,3/25/1 ਤੇ 1/1/18)

'ਰਾਮਾਇਣ' ਤੇ 'ਮਹਾਭਾਰਤ' ਵਿਚ ਕਪਿਲ ਮੁਨੀ ਨੂੰ ਸਾਂਖ ਦਰਸ਼ਨ ਦੇ ਪਹਿਲੇ ਰਿਸ਼ੀ ਹੋਣ ਦੇ ਨਾਲ ਨਾਲ ਵਿਸ਼ਨੂੰ ਦਾ ਅਵਤਾਰ ਦੱਸਿਆ ਗਿਆ ਹੈ। ਇਨ੍ਹਾਂ ਸ਼ਾਸਤਰਾਂ ਦੀਆਂ ਗਵਾਹੀਆਂ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਇਸ ਦਰਸ਼ਨ ਦੇ ਪ੍ਰਥਮ ਪ੍ਰਵਕਤਾ ਕਪਿਲ ਮੁਨੀ ਹੀ ਸਨ। ਮੈਕਸਮੂਲਰ ਅਨੁਸਾਰ ਇਸ ਕਪਿਲ ਮੁਨੀ ਦੀਆਂ ਦੋ ਰਚਨਾਵਾਂ 'ਤੱਤ ਸਮਾਸ' ਅਤੇ 'ਸਾਂਖਯ ਸੂਤਰ' ਪ੍ਰਾਪਤ ਹੁੰਦੀਆਂ ਹਨ। 'ਤੱਤ ਸਮਾਸ' ਵਿਚ 22 ਛੋਟੇ ਛੋਟੇ ਸੂਤਰਾਂ ਨੂੰ ਇਕੱਠਾ ਕੀਤਾ ਗਿਆ ਹੈ ਅਤੇ ਦੂਸਰੀ ਰਚਨਾ 'ਸਾਂਖਯ ਸੂਤਰ' ਵਿਚ ਕੁੱਲ ਛੇ ਅਧਿਆਇ ਹਨ। ਇਨ੍ਹਾਂ ਪਾਠਾਂ ਵਿਚ ਕੁੱਲ ਮਿਲਾਕੇ 537 ਸੂਤਰ ਸੰਕਲਨ ਕੀਤੇ ਗਏ ਹਨ। ਇਸ ਗ੍ਰੰਥ ਦੇ ਪਹਿਲੇ ਅਧਿਆਇ ਵਿਚ ਸਾਂਖ ਵਿਸ਼ੇ ਦਾ ਨਿਰੂਪਣ ਕੀਤਾ ਗਿਆ ਹੈ, ਦੂਸਰੇ ਅਧਿਆਇ ਵਿਚ ਪ੍ਰਧਾਨ ਅਤੇ ਭਿੰਨ-ਭਿੰਨ ਕਾਰਜਾਂ ਦਾ ਵਿਸਥਾਰ ਪ੍ਰਸਤੁਤ ਕੀਤਾ ਗਿਆ ਹੈ, ਤੀਸਰੇ ਅਧਿਆਇ ਵਿਚ ਵੈਰਾਗ ਦੀ ਅਵਸਥਾ ਨੂੰ ਸਥਾਪਿਤ ਕੀਤਾ ਗਿਆ ਹੈ, ਚੌਥੇ ਅਧਿਆਇ ਵਿਚ ਸਾਂਖਯ ਤੱਤਾਂ ਦਾ ਬੋਧ ਅਤੇ ਅਨੇਕਾਂ ਰੌਚਕ ਕਹਾਣੀਆਂ ਦਾ ਵਸੀਹ ਵਰਨਣ ਹੈ, ਪੰਜਵੇਂ ਅਧਿਆਇ ਵਿਚ ਵਿਰੋਧ ਸੰਦਰਭਗਤ ਵਿਖਿਆਨ ਹੈ ਤੇ ਛੇਵੇਂ ਅਧਿਆਇ ਵਿਚ ਸਾਂਖਯ ਸਿਧਾਂਤਾਂ ਦਾ ਮੁਖ਼ਤਸਰ ਰੂਪ ਵਿਚ ਵਰਨਣ ਕੀਤਾ ਗਿਆ ਹੈ। ਇਸ ਪ੍ਰਕਾਰ ਕਪਿਲ ਮੁਨੀ ਦੀ ਇਹ ਕ੍ਰਿਤ ਸਾਂਖਯ ਸਿਧਾਂਤਾਂ ਦਾ ਪ੍ਰਤੀਪਾਦਨ ਕਰਨ ਵਾਲੀ ਸਭ ਤੋਂ ਪ੍ਰਾਚੀਨ ਰਚਨਾ ਮੰਨੀ ਜਾਂਦੀ ਹੈ।

**2. ਆਸੁਰੀ ਰਿਸ਼ੀ**

ਡਾ. ਰਾਧਾ ਕ੍ਰਿਸ਼ਨਨ ਅਨੁਸਾਰ, ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਆਸੁਰੀ ਰਿਸ਼ੀ ਨੂੰ ਕਪਿਲ ਮੁਨੀ ਦਾ ਚੇਲਾ ਦੱਸਿਆ ਗਿਆ ਹੈ। 'ਯੋਗ ਸੂਤਰ' ਤੇ 'ਵਿਆਸ ਭਾਸ਼ਯ' ਵਿਚ

ਲਿਖਿਆ ਗਿਆ ਹੈ ਕਿ ਆਸੁਰੀ ਰਿਸ਼ੀ ਸਾਂਖਯ ਸਿਧਾਂਤਾਂ ਦੇ ਪ੍ਰਕਾਂਡ ਵਿਦਵਾਨ ਸਨ। ਉਪਨਿਸ਼ਦਾਂ ਤੇ ਪੌਰਾਣਿਕ ਹਵਾਲਿਆਂ ਤੋਂ ਇਹ ਗਿਆਤ ਹੁੰਦਾ ਹੈ ਕਿ ਕਪਿਲ ਮੁਨੀ ਨੇ ਸਾਂਖਯ ਦਰਸ਼ਨ ਸੰਬੰਧੀ ਪਹਿਲਾ ਉਪਦੇਸ਼ ਆਸੁਰੀ ਰਿਸ਼ੀ ਨੂੰ ਹੀ ਪ੍ਰਦਾਨ ਕੀਤਾ ਸੀ।[vii] 'ਬ੍ਰਿਹਿਦਾਰਣਿਕ ਉਪਨਿਸ਼ਦ' ਅਨੁਸਾਰ, ਆਸੁਰੀ ਰਿਸ਼ੀ ਪ੍ਰਾਸ਼ਨੀ ਮੁਨੀ ਦੇ ਪੁੱਤਰ ਸਨ ਤੇ ਉਨ੍ਹਾਂ ਦੇ ਗੁਰੂ ਕਪਿਲ ਮੁਨੀ ਸਨ ਜਿੰਨ੍ਹਾਂ ਨੇ ਉਸਨੂੰ ਸਾਂਖਯ ਸਿਧਾਂਤਾਂ ਸੰਬੰਧੀ ਗਿਆਨ ਪ੍ਰਦਾਨ ਕੀਤਾ। ਆਸੁਰੀ ਰਿਸ਼ੀ ਦੀ ਸਾਖ ਦਰਸ਼ਨ ਦੇ ਸੰਦਰਭ ਵਿਚ ਕੋਈ ਵੀ ਰਚਨਾ ਇਸ ਸਮੇਂ ਪ੍ਰਾਪਤ ਨਹੀਂ ਹੁੰਦੀ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਉਹ ਸਾਂਖ ਦਰਸ਼ਨ ਦੇ ਵੱਡੇ ਪ੍ਰਵਕਤਾ ਨਹੀਂ ਸਨ। ਸੰਪੂਰਨ ਸਾਂਖ ਦਰਸ਼ਨ ਦੇ ਇਤਿਹਾਸ ਵਿਚ ਹਰਿਭੱਦਰ ਸੁਰੀ ਨੇ 'ਛੇ ਦਰਸ਼ਨ ਸਮੁੱਚ' ਦੇ ਟੀਕੇ ਵਿਚ ਇੱਕ ਸ਼ਲੋਕ ਪੇਸ਼ ਕੀਤਾ ਹੈ ਜਿਸਨੂੰ ਉਨ੍ਹਾਂ ਆਸੁਰੀ ਰਿਸ਼ੀ ਦੀ ਕ੍ਰਿਤ ਮੰਨਿਆ ਹੈ-

ਵਿਵਿਕਤੇ ਦ੍ਰਿਪਿਰਿਣਿਤੌ ਬੁੱਧੌ ਭੋਗੋ ਅਸਯ ਕਥਯਤੇ।
ਪ੍ਰਤੀ ਬਿੰਬ ਉਦਯ: ਸਵੱਛੋ ਯਥਾ ਚੰਦਰ ਮਸੋਅੰਭਿਸ॥

(ਖ਼ਟ ਦਰਸ਼ਨਮ੍ ਸਮੁਚਯ ਵ੍ਰਿਤਿ ,33/1)

### 3. ਪੰਚਸ਼ਿਖ ਰਿਸ਼ੀ

ਸਾਂਖ ਦਰਸ਼ਨ ਨੂੰ ਵਿਵਸਥਿਤ ਤੇ ਸੁੰਗਠਿਤ ਰੂਪ ਵਿਚ ਪ੍ਰਸਤੁਤ ਕਰਨ ਦਾ ਸਾਰਾ ਮਾਣ ਪੰਚਸ਼ਿਖ ਰਿਸ਼ੀ ਨੂੰ ਪ੍ਰਾਪਤ ਹੈ। ਮੈਕਸਮੂਲਰ ਅਨੁਸਾਰ ਇਹ ਪਰਾਸ਼ਰ ਗੋਤ ਦਾ ਬ੍ਰਾਹਮਣ ਸੀ ਅਤੇ ਇਸਦੀ ਮਾਤਾ ਦਾ ਨਾਂ ਕਪਿਲਾ ਸੀ, ਇਸੇ ਆਚਾਰੀਆ ਨੇ 'ਤੱਤਸਮਾਸ' ਉਪਰ ਭਾਸ਼ਯ ਵੀ ਲਿਖਿਆ। ਪੰਚਸ਼ਿਖ ਨੇ ਆਪਣੀ ਮੁਢਲੀ ਵਿਦਿਆ ਪੰਚਨਦ (ਆਧੁਨਿਕ ਪੰਜਾਬ) ਪ੍ਰਦੇਸ਼ ਵਿਚੋਂ ਪ੍ਰਾਪਤ ਕੀਤੀ ਸੀ। ਆਚਾਰੀਆ ਗੌਡਪਾਦ ਨੇ ਆਪਣੀ ਰਚਨਾ 'ਸਾਂਖਯ ਕਾਰਿਕਾ' ਦੀ 70ਵੀਂ ਕਾਰਿਕਾ ਵਿਚ ਇਸਨੂੰ ਆਸੁਰੀ ਰਿਸ਼ੀ ਦਾ ਚੇਲਾ ਦੱਸਿਆ ਹੈ। ਆਚਾਰੀਆ ਗੌਡਪਾਦ ਦੇ ਭਾਸ਼ਯਕਾਰ ਗੁਰੂ ਪ੍ਰਸਾਦ ਸ਼ਾਸਤਰੀ ਅਨੁਸਾਰ, ਪੰਚਸ਼ਿਖ ਨੇ ਆਪਣੇ ਗੁਰੂ ਆਸੁਰੀ ਰਿਸ਼ੀ ਤੋਂ ਸਾਂਖਯ ਦਰਸ਼ਨ ਦਾ ਅਧਿਐਨ ਕਰਕੇ ਅਨੇਕਾਂ ਵਿਦਿਆਰਥੀਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਇਸਦਾ ਵਸੀਹ ਵਿਖਿਆਨ ਕੀਤਾ। ਭਾਰਤੀ ਦਰਸ਼ਨ ਦੇ ਸਮੀਖਿਆਕਾਰਾਂ ਦੇ ਅਨੁਸਾਰ ਇਸਦਾ ਸਮਾਂ ਈਸਾ ਤੋਂ ਕੋਈ ਪੰਜ ਸਦੀਆਂ ਪੂਰਵ ਮੰਨਿਆ ਗਿਆ ਹੈ।

### 4.ਈਸਵਰ ਕ੍ਰਿਸ਼ਨ

ਸਾਂਖ ਦਰਸ਼ਨ ਵਿਚ ਪੁਰਸ਼ ਤੇ ਪ੍ਰਾਕ੍ਰਿਤੀ ਦਾ ਪਰਸਪਰ ਭੇਦ, ਸੁਆਰਥ ਤੇ ਪਰਮਾਰਥ ਦਾ ਆਪਣੀ ਅੰਤਰ ਭੇਦ, ਪੁਰਸ਼ ਦੇ ਚੇਤਨ ਹੁੰਦਿਆਂ ਹੋਇਆਂ ਵੀ ਨਿਸ਼ਕਿਰਿਆ ਤੇ ਨਿਰਗੁਣ ਸਰੂਪ ਵਰਗੇ ਕ੍ਰਾਂਤੀਕਾਰੀ ਸਿਧਾਂਤਾਂ ਦਾ ਨਿਰੂਪਣ ਕਰਨ ਦਾ ਮਾਣ ਇਸੇ ਚਿੰਤਕ ਨੂੰ ਪ੍ਰਾਪਤ ਹੈ। ਇਨ੍ਹਾਂ ਦੀ ਕ੍ਰਿਤ 'ਸਾਂਖਕਾਰਿਕਾ' ਸਾਂਖ ਦਰਸ਼ਨ ਦੀਆਂ ਪੁਸਤਕਾਂ ਵਿਚੋਂ ਸਭ ਤੋਂ ਪ੍ਰਾਚੀਨ ਅਤੇ ਉੱਚਕੋਟੀ ਦੀ ਸਵੀਕਾਰ ਕੀਤੀ ਜਾਂਦੀ ਹੈ। ਸਾਂਖ ਕਾਰਿਕਾ ਦੇ ਮਹੱਤਵਪੂਰਨ ਪਹਿਲੂ-ਕੁਦਰਤ ਦੇ ਪ੍ਰਮਾਣ ਜਾਂ ਕ੍ਰਮਿਕ ਵਿਕਾਸ ਨੂੰ ਉਕਤ ਰਿਸ਼ੀ ਵੱਲੋਂ ਬੜੇ ਮਹੀਨ ਤੇ ਸੁਚੱਜੇ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਚੀਨੀ ਵਿਦਵਾਨ ਕੁਈ ਚੀ ਦਾ ਕਥਨ ਹੈ ਕਿ "ਸਾਂਖਯ ਸਪਤਿਤ ਦੇ ਰਚੈਤਾ ਈਸ਼ਵਰ ਕ੍ਰਿਸਨ ਨੂੰ ਸਮੇਂ ਦੇ ਪ੍ਰਸ਼ਾਸਨ ਦੁਆਰਾ ਸੱਤਰ ਸੋਨੇ ਦੀਆਂ ਮੋਹਰਾਂ ਭੇਂਟ ਕੀਤੀਆਂ ਗਈਆਂ ਸਨ, ਇਹੋ ਕਾਰਨ ਹੈ ਕਿ ਇਨ੍ਹਾਂ ਦਾ ਗ੍ਰੰਥ 'ਸ੍ਵਰਨ ਸਪਤਿਤ' ਜਾਂ 'ਕਨਕ ਸਪਤਿਤ' ਨਾਂ ਨਾਲ ਵੀ ਪ੍ਰਸਿੱਧ ਹੈ।" 6

ਡਾ. ਵਿਦਿਆ ਭੂਸ਼ਨ ਨੇ ਈਸ਼ਵਰ ਕ੍ਰਿਸਨ ਤੇ ਵਸੂਬੰਧ ਨੂੰ ਸਮਕਾਲੀ ਮੰਨਕੇ ਇਨ੍ਹਾਂ ਦਾ ਸਮਾਂ 400ਈ. ਨਿਰਧਾਰਿਤ ਕੀਤਾ ਹੈ। ਡਾ. ਵਿਨਸੈਂਟ ਸਮਿਥ ਅਨੁਸਾਰ ਵਸੂਬੰਧ ਦਾ ਸਮਾਂ 260 ਈ. ਤੋਂ ਲੈ ਕੇ 360 ਈ. ਦੇ ਵਿਚਕਾਰ ਦਾ ਹੈ ਕਿਉਂਕਿ 404 ਈ. ਵਿਚ ਇਨ੍ਹਾਂ ਦੇ ਗ੍ਰੰਥਾਂ ਦਾ ਤਰਜਮਾ ਚੀਨੀ ਭਾਸ਼ਾ ਵਿਚ ਹੋ ਚੁੱਕਿਆ ਸੀ। ਇਸ ਪ੍ਰਕਾਰ ਜੇਕਰ ਵਸੂਬੰਧ ਦਾ ਸਮਾਂ ਪਿੱਛੇ ਚਲਿਆ ਜਾਂਦਾ ਹੈ ਤਾਂ ਈਸ਼ਵਰ ਕ੍ਰਿਸ਼ਨ ਦਾ ਸਮਾਂ ਵੀ ਲਗਪਗ 200 ਸਾਲ ਪਿੱਛੇ ਹੋ ਜਾਵੇਗਾ, ਇਸ ਪ੍ਰਕਾਰ ਇਨ੍ਹਾਂ ਦਾ ਸਮਾਂ 240 ਈ. ਦੇ ਆਸਪਾਸ ਦਾ ਬਣ ਜਾਂਦਾ ਹੈ। ਡਾ. ਦਾਸ ਗੁਪਤਾ ਨੇ ਇਨ੍ਹਾਂ ਦਾ ਸਮਾਂ 200 ਈ. ਸਵੀਕਾਰ ਕੀਤਾ ਹੈ ਇਸਦੇ ਉਲਟ ਬੇਲਵੇਲਕਰ ਤੇ ਗਾਰਵੇ ਈਸ਼ਵਰ ਕ੍ਰਿਸਨ ਦਾ ਸਮਾਂ 1 ਸਦੀ ਨੂੰ ਮੰਨਦੇ ਹਨ।[viii]

**5. ਵਿੰਧਯਵਾਸੀ**

ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਅਨੁਸਾਰ, ਵਿੰਧਯਵਾਸੀ ਸਾਂਖ ਦਰਸ਼ਨ ਦੇ ਗੰਭੀਰ ਤੇ ਪਰਪੱਕ ਆਚਾਰੀਆ ਸਨ ਅਤੇ ਇਨ੍ਹਾਂ ਦਾ ਮੂਲ ਨਾਮ 'ਰੁਦ੍ਰਿਲ' ਸੀ ਲਗਾਤਾਰ ਵਿੰਧਯ ਤੱਟ ਤੇ ਭ੍ਰਮਣ ਕਰਦੇ ਰਹਿਣ ਕਰਕੇ ਇਨ੍ਹਾਂ ਦਾ ਨਾਂ 'ਵਿੰਧਯਵਾਸੀ' ਪੈ ਗਿਆ। ਆਧੁਨਿਕ ਸਮੇਂ ਵਿਚ ਇਨ੍ਹਾਂ ਦੀ ਕੋਈ ਰਚਨਾ ਸਾਡੇ ਪਾਸ ਉੱਪਲਬਧ ਨਹੀਂ ਹੈ ਪਰ ਇਨ੍ਹਾਂ ਦੀ ਵਲੱਖਣ ਪ੍ਰਤਿਭਾ, ਸਾਂਖ ਦਰਸ਼ਨ ਦੇ ਸਿਧਾਂਤਾਂ ਸੰਬੰਧੀ ਗੂੜ੍ਹ ਵਿਵੇਚਨ ਤਟੇ ਸਰਲ ਸਪੱਸ਼ਟ ਸ਼ੈਲੀ ਦੀਆਂ ਮਿਸਾਲਾਂ ਹੋਰਨਾਂ ਗ੍ਰੰਥਾਂ ਵਿਚੋਂ ਪ੍ਰਾਪਤ ਜ਼ਰੂਰ ਹੁੰਦੀਆਂ ਹਨ। ਵੈਬਰ ਅਨੁਸਾਰ ਇਨ੍ਹਾਂ ਨੂੰ 'ਵਰਸ਼ਗਣਯ' ਦੇ ਵਿਦਿਆਰਥੀ ਦੱਸਿਆ ਗਿਆ ਹੈ ਅਤੇ ਨਾਲ ਹੀ ਉਹ ਆਚਾਰੀਆ

ਪਰਮਾਰਥ ਦੇ ਹਵਾਲੇ ਨਾਲ ਇਹ ਵੀ ਲਿਖਦੇ ਹਨ ਕਿ ਇਨ੍ਹਾ ਨੇ ਰਿਸ਼ੀ ਵਸੂਬੰਧ ਦੇ ਗੁਰੂ ਬੁੱਧ ਮਿੱਤਰ ਨੂੰ ਇੱਕ ਵਾਰ ਸ਼ਾਸਤਰਾਰਥ ਵਿਚ ਹਰਾਇਆ ਸੀ। ਇਨ੍ਹਾਂ ਦੇ ਸਾਂਖ ਦਰਸ਼ਨ ਸੰਬੰਧੀ ਵਿਚਾਰਾਂ ਦਾ ਨਿਰੂਪਣ 'ਭੋਜਵ੍ਰਿਤੀ', 'ਮੇਧਾ ਤਿਥੀ ਭਾਸ਼ਯ', 'ਸ਼ਲੋਕ ਵਾਰਤਿਕ', 'ਸ਼ਟ ਦਰਸ਼ਨਮ੍ ਸਮੁੱਚਯ' ਆਦਿ ਗ੍ਰੰਥਾਂ ਵਿਚ ਮਿਲਦਾ ਹੈ। ਕੀਥ ਨੇ ਇਨ੍ਹਾਂ ਦਾ ਸਮਾਂ ਤੀਜੀ ਈਸਵੀ ਦੇ ਕਰੀਬ ਮੰਨਿਆ ਹੈ।

### 6. ਗੌਡਪਾਦ

ਸਾਂਖ ਦਰਸ਼ਨ ਦੇ ਪ੍ਰਾਚੀਨ ਸਿਧਾਂਤਕਾਰਾਂ ਤੇ ਭਾਸ਼ਯਕਾਰਾਂ ਵਿਚ ਗੌਡਪਾਦ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ। ਸਾਂਖ ਦਰਸ਼ਨ ਦੇ ਵਿਚਾਰਾਂ ਦਾ ਪ੍ਰਤੀਪਾਦਨ ਕਰਦੀ ਇਨ੍ਹਾਂ ਦੀ ਰਚਨਾ 'ਗੌਡਪਾਦ ਭਾਸ਼ਯ' ਹੈ। ਇਨ੍ਹਾਂ ਦੇ ਵਿਚਾਰਾਂ ਉੱਪਰ 'ਯੁਕਤਿਪ੍ਰਦੀਪਿਕਾ' ਦਾ ਸਪੱਸ਼ਟ ਪ੍ਰਭਾਵ ਦਿਖਾਈ ਪੈਂਦਾ ਹੈ ਜੋ ਇਨ੍ਹਾਂ ਨੂੰ ਸਾਂਖ ਦਰਸ਼ਨ ਦੇ ਸਿਧਾਂਤਾਂ ਅੱਵੈਯਵ ਪ੍ਰਮਾਣਵਾਦੀਆਂ ਦੀ ਸ਼੍ਰੇਣੀ ਵਿਚ ਲਿਆ ਖੜ੍ਹਾ ਕਰਦਾ ਹੈ। ਇਨ੍ਹਾਂ ਦਾ ਸਮਾਂ ਪੰਜਵੀਂ ਸਦੀ ਤੋਂ ਛੇਵੀਂ ਸਦੀ ਦੇ ਵਿਚਕਾਰਲਾ ਮੰਨਿਆ ਜਾਂਦਾ ਹੈ।[ix]

### 7. ਵਾਚਸਪਤੀ ਮਿਸ਼ਰ

'ਸਾਂਖਯੋਗ' ਦੇ ਇਤਿਹਾਸਕ ਆਚਾਰੀਆ ਵਾਚਸ ਪਤੀ ਮਿਸ਼ਰ ਦਾ ਨਾਂ ਸਾਂਖ ਦਰਸ਼ਨ ਵਿਚ ਵਿਸ਼ੇਸ਼ ਸਥਾਨ ਦਾ ਧਾਰਨੀ ਹੈ। ਚਿੰਤਕਾਂ ਅਨੁਸਾਰ ਇਨ੍ਹਾਂ ਨੂੰ ਸਾਂਖ ਦਰਸ਼ਨ ਦੇ ਪ੍ਰਕਾਂਡ ਵਿਦਵਾਨ ਹੋਣ ਦਾ ਮਾਨ ਸਤਿਕਾਰ ਪ੍ਰਦਾਨ ਕੀਤਾ ਗਿਆ ਹੈ। ਗੁਰੂ ਪ੍ਰਸਾਦ ਸ਼ਾਸਤਰੀ ਅਨੁਸਾਰ, ਇਹ ਆਪਣੀਵਿਲੱਖਣ ਵਿਦਵਤਾ ਕਰਕੇ ਆਸਤਿਕ ਤੇ ਨਾਸਤਿਕ ਦੋਵਾਂ ਦਰਸ਼ਨਾਂ ਦੇ ਉਚਿਤ ਵਿਵੇਚਕ, ਭਾਸ਼ਣਕਾਰ ਤੇ ਟੀਕਾਕਾਰ ਸਨ।[x] ਇਸ ਕਰਕੇ ਇਨ੍ਹਾਂ ਨੂੰ 'ਬਾਰਾਂ ਦਰਸ਼ਨਾ ਦਾ ਕ੍ਰਾਂਤੀਕਾਰੀ ਵਿਵੇਚਕ' ਆਖਿਆ ਗਿਆ ਹੈ। ਇਨ੍ਹਾਂ ਆਸਤਿਕ ਦਰਸ਼ਨਾਂ; ਨਿਆਂਇ, ਮੀਮਾਂਸਾ, ਵੇਦਾਂਤ, ਯੋਗ, ਸਾਂਖਯ ਅਤੇ ਨਾਸਤਿਕ ਦਰਸ਼ਨ-ਜੈਨ, ਬੁੱਧ, ਚਾਰ ਵਾਕ ਤੇ ਵੈਸ਼ੇਸ਼ਕ ਆਦਿ ਉੱਪਰ ਪ੍ਰੌੜ ਵਿਆਖਿਆਵਾਂ ਲਿਖੀਆਂ ਸਨ। ਜਿਹੜੇ ਵੀ ਦਰਸ਼ਨ ਉੱਪਰ ਇਨ੍ਹਾਂ ਭਾਸ਼ਯ ਲਿਖਿਆ ਹੈ, ਉਨ੍ਹਾਂ ਦੇ ਸਿਧਾਂਤਾਂ ਦਾ ਪ੍ਰਤੀਪਾਦਨ ਬੜੀ ਉਦਾਰਤਾ ਤੇ ਬਿਨਾ ਕਿਸੇ ਪੱਖਪਾਤ ਦੇ ਪ੍ਰਸਤੁਤ ਕੀਤਾ ਹੈ।

ਵਾਚਸ ਪਤੀ ਮਿਸ਼ਰ ਨੇ ਆਪਣੇ ਸਮੇਂ ਬਾਰੇ ਖੁਦ ਆਪਣੇ ਗ੍ਰੰਥ 'ਨਿਆ ਸੂਚੀ ਨਿਬੰਧ' ਵਿਚ ਲਿਖਿਆ ਹੈ ਕਿ ਇਨ੍ਹਾਂ ਦਾ ਸਮਾਂ 818 ਸੰਵਤਸਰ ਹੈ। ਇਥੇ 'ਸੰਵਤਸਰ' ਸ਼ਬਦ ਚਿੰਤਕਾਂ

ਵਿਚ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਇਹ ਕਿਹੜਾ ਸੰਮਤ ਹੈ? ਸ਼ੱਕ ਜਾਂ ਫਿਰ ਵਿਕ੍ਰਮੀ ਸੰਮਤ।

**8. ਅਨਿਰੁੱਧ**

ਸਾਂਖ ਦਰਸ਼ਨ ਦੇ ਸਿਧਾਂਤਾਂ ਦਾ ਸੰਪੂਰਨ ਤੇ ਵਿਧੀਵਤ ਤਰੀਕੇ ਨਾਲ ਪ੍ਰਤੀਪਾਦਨ ਆਚਾਰੀਆ ਅਨਿਰੁੱਧ ਵੱਲੋਂ ਆਪਣੀ ਕ੍ਰਿਤ 'ਅਨਿਰੁੱਧ ਵ੍ਰਿਤੀ' ਵਿਚ ਪੇਸ਼ ਕੀਤਾ ਗਿਆ ਹੈ ਜੋ ਮੂਲ ਰੂਪ ਵਿਚ 'ਸਾਂਖਯ ਸ਼ਡਅਧਿਆਈ'ਤੇ ਲਿਖੀ ਗਈ ਵਿਆਖਿਆ ਹੈ। ਇਸਦਾ ਪਹਿਲਾ ਸੰਸਕਰਨ ਡਾ. ਰਿਚਰਡ ਗਾਰਵੇ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਵਿਚ ਸਾਂਖ ਦਰਸ਼ਨ ਦੇ ਗੰਭੀਰ ਸਿਧਾਂਤਾਂ ਨੂੰ ਬੜੀ ਸੂਖ਼ਮ ਦ੍ਰਿਸ਼ਟੀ ਨਾਲ ਵਿਚਾਰਿਆ ਗਿਆ ਹੈ। ਇਸ ਸੰਸਕਰਨ ਦੀ ਭੂਮਿਕਾ ਵਿਚ ਅਨਿਰੁੱਧ ਦਾ ਸਮਾਂ ਆਚਾਰੀਆਂ ਵਿਗਿਆਨ ਭਿਖਸ਼ੂ ਤੋਂ ਪੂਰਵ ਮੰਨਿਆ ਗਿਆ ਹੈ। ਕੀਥ ਅਨੁਸਾਰ ਇਨ੍ਹਾਂ ਦਾ ਸਮਾਂ 15 ਵੀਂ ਸਦੀ ਈਸਵੀ ਬਿਆਨ ਕੀਤਾ ਗਿਆ ਹੈ।

**9. ਮਹਾਦੇਵ ਵੇਦਾਂਤੀ**

ਆਚਾਰੀਆ ਅਨਿਰੁੱਧ ਦੀ 'ਅਨਿਰੁੱਧ ਵ੍ਰਿਤੀ' ਅਤੇ 'ਸਾਂਖਯ ਸ਼ਡਅਧਿਆਈ' ਉੱਪਰ ਮਹਾਦੇਵ ਵੇਦਾਂਤੀ ਨੇ 'ਵ੍ਰਿਤੀਸਾਰ' ਨਾਮਕ ਵਿਆਖਿਆ ਪੇਸ਼ ਕੀਤੀ ਹੈ। ਇਸ ਵਿਆਖਿਆ ਵਿਚ ਸਾਂਖ ਦਰਸ਼ਨ ਦੇ ਮੂਲ ਸਿਧਾਂਤਾਂ ਸੰਬੰਧੀ ਆਚਾਰੀਆ ਅਨਿਰੁੱਧ ਦੇ ਦ੍ਰਿਸ਼ਟੀਕੋਣ ਬਾਰੇ ਵੇਦਾਂਤੀ ਨੇ ਆਲੋਚਨਾਤਮਕ ਵ੍ਰਿਤੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਵੈਬਰ ਨੇ ਇਸਦਾ ਸਮਾਂ ਆਚਾਰੀਆ ਵਿਗਿਆਨ ਭਿਖਸ਼ੂ ਤੋਂ ਪੂਰਵ ਮੰਨਿਆ ਹੈ।

**10. ਵਿਗਿਆਨ ਭਿਖਸ਼ੂ**

ਗੁਰੂ ਪ੍ਰਸ਼ਾਦ ਸ਼ਾਸਤਰੀ ਅਨੁਸਾਰ, ਵਿਗਿਆਨ ਭਿਖਸ਼ੂ ਦਰਸ਼ਨ ਸ਼ਾਸਤਰ ਦੇ ਮਹਾਂ ਪੰਡਿਤ ਸਨ। ਇਨ੍ਹਾਂ ਨੇ ਤਿੰਨ ਦਰਸ਼ਨਾਂ ਉੱਪਰ ਭਾਸ਼ਯ ਲਿਖਿਆ ਸੀ। ਸਭ ਤੋਂ ਪਹਿਲਾਂ ਇਨ੍ਹਾਂ ਸਾਂਖ ਸੂਤਰਾਂ ਉੱਪਰ 'ਸਾਂਖਯ ਪ੍ਰਵਚਨ ਭਾਸ਼ਯ', ਵਿਆਸ ਭਾਸ਼ਯ ਤੇ 'ਯੋਗ ਵਾਰਤਿਕ' ਅਤੇ ਬ੍ਰਹਮ ਸੂਤਰ ਉੱਤੇ 'ਵਿਗਿਆਨ ਅੰਮ੍ਰਿਤ ਭਾਸ਼ਯ' ਲਿਖਿਆ। ਭਿਖਸ਼ੂ ਨਾਮ ਧਾਰਨ ਹੋਣ ਤੇ ਵੀ ਇਹ ਮੂਲ ਰੂਪ ਵਿਚ ਨਾ ਤਾਂ ਸੰਨਿਆਸੀ ਸਨ ਅਤੇ ਬੋਧੀ ਇਹ ਮੂਲ ਰੂਪ ਵਿਚ ਸੁਤੰਤਰ ਵਿਚਾਰਾਂ ਦੇ ਮਹਾ ਵਿਦਵਾਨ ਸਨ। ਇਨ੍ਹਾਂ ਨੇ ਬੜੇ ਸੁਤੰਤਰ ਤੇ ਨਿਰਪੱਖ ਦ੍ਰਿਸ਼ਟੀਕੋਣ ਤੋਂ ਸ਼ੰਕਰਾਚਰੀਆ ਦੇ ਮਤ ਦੀ ਸਪੱਸ਼ਟ ਆਲੋਚਨਾ ਕੀਤੀ ਹੈ। ਸਾਂਖ ਦਰਸ਼ਨ ਦੇ ਸਭ ਤੋਂ ਅੰਤਿਮ ਤੇ ਗੰਭੀਰ ਅਚਾਰੀਆ ਇਨ੍ਹਾਂ ਨੂੰ ਹੀ ਮੰਨਿਆ ਜਾਂਦਾ ਹੈ। ਕੀਥ, ਗਾਰਵੇ, ਹਾਲ,

ਵਿੰਟਰਨਿਟਜ, ਗੋਡੇ ਅਤੇ ਦਾਸ ਗੁਪਤਾ ਆਦਿ ਚਿੰਤਕਾਂ ਨੇ ਇਨ੍ਹਾਂ ਸਮਾਂ 16ਵੀਂ ਸਦੀ ਈਸਵੀ ਅਤੇ ਨਿਵਾਸ ਸਥਾਨ ਕਾਸ਼ੀਂ ਨੂੰ ਮੰਨਿਆ ਹੈ। ਇਨ੍ਹਾਂ ਦੇ ਸਮੇਂ ਤੱਕ ਸਾਂਖ ਦਰਸ਼ਨ ਦਾ ਅਧਿਐਨ ਥੋੜ੍ਹਾ ਫੇਰ ਬਦਲ ਹੋ ਗਿਆ ਸੀ ਇਸ ਵਾਸਤੇ ਇਨ੍ਹਾਂ ਨੇ ਆਪਣੇ ਯਤਨਾਂ ਸਦਕਾ ਇਸਨੂੰ ਪੁਨਰਜੀਵਿਤ ਤੇ ਸੁੰਗਠਿਤ ਰੂਪ ਵਿਚ ਸਥਾਪਿਤ ਕੀਤਾ। [xi] ਉਪਰੋਕਤ ਆਚਾਰੀਆਂ ਤੋਂ ਬਿਨਾ ਰਿਸ਼ੀ ਜੈਗੀਵਸ਼ਯ ਤੇ ਅਵਾਟਯ, ਆਚਾਰੀਆ ਦੇਚਲ, ਆਚਾਰੀਆ ਵਾਰਸ਼ਗਣਯ, ਆਚਾਰੀਆ ਮਾਠਰ ਅਤੇ ਆਚਾਰੀਆ ਭਾਵ ਗਣੇਸ਼ ਆਦਿ ਨੇ ਸਾਂਖ ਦਰਸ਼ਨ ਦੇ ਸਿਧਾਂਤਾਂ ਨੂੰ ਵਿਖਿਆਤ ਕਰਦੇ ਗ੍ਰੰਥਾਂ ਦੀ ਰਚਨਾ ਕੀਤੀ।

ਉਪਰੋਕਤ ਚਰਚਾ ਨੂੰ ਸਮੇਟਦਿਆਂ ਹੋਇਆਂ ਅਸੀਂ ਇਸ ਨਤੀਜੇ ਉੱਪਰ ਪਹੁੰਚਦੇ ਹਾਂ ਕਿ ਸਾਂਖਯ ਦਰਸ਼ਨ ਭਾਰਤੀ ਪ੍ਰਾਚੀਨ ਦਰਸ਼ਨ ਦੇ ਛੇ ਸਿਧਾਂਤਾਂ ਵਿਚੋਂ ਇੱਕ ਪ੍ਰਮੁਖ ਸਿਧਾਂਤ ਹੈ ਜੋ ਵੇਦਾਂਤ ਦਰਸ਼ਨ ਦੀ ਇੱਕ ਸ਼ਾਖਾ ਹੈ ਤੇ ਅਦਵੈਤ ਵੇਦਾਂਤ ਦੇ ਬਿਲਕੁਲ ਉਲਟ ਸਿਧਾਂਤਾ ਦਾ ਪ੍ਰਤੀਪਾਦਨ ਕਰਦਾ ਹੈ। ਮਹਾਰਿਸ਼ੀ ਕਪਿਲ ਇਸਦੇ ਮੂਲ ਸੰਸਥਾਪਕ ਹਨ। ਇਸ ਦਰਸ਼ਨ ਦਾ ਪ੍ਰਮੁਖ ਸਿਧਾਂਤ ਹੈ ਕਿ ਬ੍ਰਹਿਮੰਡ ਇੱਕ ਪ੍ਰਾਕ੍ਰਿਤੀ ਪੁਰਸ਼ ਤੋਂ ਬਣਿਆ ਹੈ, ਜਿੱਥੇ ਪ੍ਰਾਕ੍ਰਿਤੀ (ਪੰਜ ਤੱਤਾਂ ਤੋ ਬਣੀ) ਮੂਲ ਅਟੱਲ ਹੈ ਅਤੇ ਪੁਰਸ਼ (ਆਤਮਾ) ਚੇਤੰਨ ਹੈ। ਇਸ ਦਰਸ਼ਨ ਨੇ ਜੀਵਨ ਵਿਚ ਦਿਖਾਈ ਦੇਣ ਵਾਲੀਆਂ ਅਸਮਾਨਤਾਵਾਂ ਨੂੰ ਸੁੰਦਰ ਤਰੀਕੇ ਨਾਲ ਹੱਲ ਕੀਤਾ ਤੇ ਹਰੇਕ ਨੂੰ ਸਰਵ ਵਿਆਪਕ ਕਾਰਨ ਵਜੋਂ ਸਥਾਪਿਤ ਕੀਤਾ। ਇਸ ਦਰਸ਼ਨ ਦਾ ਇੱਕ ਵੱਡਾ ਗੁਣ ਇਹ ਵੀ ਹੈ ਕਿ ਇਹ ਸੰਸਾਰ ਜਾਂ ਬ੍ਰਹਿਮੰਡ ਨੂੰ ਪ੍ਰਭੂ ਦੀ ਰਚਨਾ ਸਵੀਕਾਰ ਨਹੀਂ ਕਰਦਾ ਸਗੋ ਇਸਨੂੰ ਇੱਕ ਵਿਕਾਸਵਾਦੀ ਪ੍ਰਕ੍ਰਿਆ ਵਜੋਂ ਮਾਨਤਾ ਦਿੰਦਾ ਹੈ ਅਤੇ ਇਹ ਵਿਸ਼ਵਾਸ ਕਰਦਾ ਹੈ ਕਿ ਬ੍ਰਹਿਮੰਡ ਕਈ ਪੜਾਵਾਂ ਵਿਚੋਂ ਲੰਘਣ ਤੋਂ ਬਾਅਦ ਆਪਣੇ ਮੌਜੂਦਾ ਰੂਪ ਵਿਚ ਪਹੁੰਚਿਆ ਹੈ। ਬਹੁਤ ਸਾਰੇ ਸਾਂਖਯ ਵਾਦੀ ਆਚਾਰੀਆਂ ਨੇ ਇਸ ਦਰਸ਼ਨ ਦੇ ਸਿਧਾਂਤਾ ਦਾ ਨਿਰੂਪਣ ਆਪੋ-ਆਪਣੇ ਗ੍ਰੰਥਾਂ ਵਿਚ ਵਿਸਤ੍ਰਿਤ ਰੂਪ ਵਿਚ ਕੀਤਾ ਹੈ। ਭਾਰਤੀ ਗਿਆਨ ਪਰੰਪਰਾ,ਦਰਸ਼ਨ ਤੇ ਸਾਹਿਤ ਵਿਚ ਸਾਂਖਯ ਦਰਸ਼ਨ ਦਾ ਬਹੁਤ ਵੱਡਾ ਸਥਾਨ ਹੈ, ਇਸਨੂੰ ਤਾਰਕਿਕ ਗਿਆਨ ਦੀ ਸਿਖਰ ਮੰਨਿਆ ਗਿਆ ਹੈ। ਇਸ ਸੰਦਰਭ ਵਿਚ ਵੇਦ ਵਿਆਸ ਲਿਖਦੇ ਹਨ-

ਗਿਆਨੰ ਚ ਲੋਕੇ ਯਦਿਹਸ੍ਤਿ ਕਿੰਚਿਤ,
ਸਾਂਖਯਾਗਤਮ੍ ਤਚਚ੍ ਮਹੰਮਹਾਤਮਨ੍॥
(ਸ਼ਾਂਤੀ ਪਰਵ,301/109)

## ਹਵਾਲੇ

[i] ਗੁਰੂ ਪ੍ਰਸ਼ਾਦ ਸ਼ਾਸਤਰੀ, ਸਾਂਖਯਕਾਰਿਕਾ, ਪੰਨਾ-06

[ii] ਏ.ਬੀ. ਕੀਥ, ਹਿਸਟਰੀ ਆਫ ਸੰਸਕ੍ਰਿਤ ਲਿਟਰੇਚਰ, ਪੰਨਾ-246

[iii] ਆਰ.ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ-67

[iv] ਰਜਿੰਦਰਪਾਲ ਬਰਾੜ, ਭਾਰਤੀ ਦਰਸ਼ਨ ਵਿਗਿਆਨਕ ਅਧਿਐਨ, ਪੰਨਾ-80

[v] ਮੋਨੀਅਰ ਵਿਲੀਅਮ, ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਭਾਗ-2, ਪੰਨਾ-409

[vi] ਗੁਰੂ ਪ੍ਰਸ਼ਾਦ ਸ਼ਾਸਤਰੀ, ਸਾਂਖਯਕਾਰਿਕਾ, ਪੰਨਾ-05

[vii] ਰਾਧਾ ਕ੍ਰਿਸ਼ਨਨ, ਭਾਰਤੀ ਦਰਸ਼ਨ, ਭਾਗ-1, ਪੰਨਾ-278

[viii] ਮੋਨੀਅਰ ਵਿਲੀਅਮ,ਏ ਡਿਕਸ਼ਨਰੀ ਆਫ ਸੰਸਕ੍ਰਿਤ ਲਿਟਰੇਚਰ,ਭਾਗ-2, ਪੰਨਾ-477

[ix] ਗੋਡਸਟੂਕਰ, ਦ ਸਾਇੰਸ ਆਫ ਥਾਟ, ਪੰਨਾ-80

[x] ਗੁਰੂ ਪ੍ਰਸ਼ਾਦ ਸ਼ਾਸਤਰੀ, ਸਾਂਖਯਕਾਰਿਕਾ, ਪੰਨਾ-10

[xi] ਜਗਦੀਸ਼ ਚੰਦਰ ਮਿਸ਼ਰ, ਭਾਰਤੀ ਦਰਸ਼ਨ, ਪੰਨਾ-56